ਪੰਜਾਬ ਸਰਕਾਰ

ਸਿੱਖਿਆ ਵਿਭਾਗ

(ਸਿੱਖਿਆ- 6 ਸ਼ਾਖਾ)

## ਹੁਕਮ

ਸਕੂਲ ਸਿੱਖਿਆ ਵਿਭਾਗ ਦੇ ਟੀਚਿੰਗ ਅਤੇ ਨਾਨ ਟੀਚਿੰਗ ਕਾਡਰ ਦੇ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਆਪਣੀ ਸਲਾਨਾ ਗੁਪਤ ਰਿਪੋਰਟਾਂ ਹਾਰਡ ਕਾਪੀ ਰਾਹੀਂ ਭਰੀਆਂ ਜਾਂਦੀਆਂ ਹਨ, ਜਿਸ ਕਰਕੇ ਇਹ ਰਿਪੋਰਟਾਂ ਜਾਂ ਤਾਂ ਅਕਸਰ ਸਮੇਂ ਸਿਰ ਨਹੀਂ ਲਿਖਿਆਂ ਜਾਂਦੀਆਂ ਹਨ । ਇਹਨਾਂ ਰਿਪੋਰਟਾਂ ਦੇ misplace ਹੋਣ ਦਾ ਕਾਫੀ ਖਦਸ਼ਾ ਬਣਿਆ ਰਹਿੰਦਾ ਹੈ। ਜਿਸ ਕਰਕੇ ਕਿਸੇ ਵੀ ਟੀਚਿੰਗ / ਨਾਨ ਟੀਚਿੰਗ ਕਾਡਰ ਦੀ DPC ਕਰਨ ਵਿੱਚ ਔਕੜ ਪੇਸ਼ ਆਉਂਦੀ ਹੈ।

2) ਇਸ ਲਈ ਸਰਕਾਰ ਵੱਲੋਂ ਇਹ ਫੈਸਲਾ ਲਿਆ ਗਿਆ ਹੈ ਕਿ ਸਾਲ 2023-24 ਦੀ ਅਤੇ ਇਸ ਤੋਂ ਬਾਦ ਭਰੀਆਂ ਜਾਣ ਵਾਲੀਆਂ ਸਾਲਾਨਾ ਗੁਪਤ ਰਿਪੋਰਟਾਂ ਕੇਵਲ iHRMS ਪੋਰਟਲ ਰਾਹੀਂ ਹੀ ਭਰੀਆਂ ਜਾਣਗੀਆਂ। ਕਿਸੇ ਵੀ ਟੀਚਿੰਗ ਅਤੇ ਨਾਨ ਟੀਚਿੰਗ ਕਾਡਰ ਦੇ ਅਧਿਕਾਰੀ/ਕਰਮਚਾਰੀ ਦੀ Hard copy ਰਾਹੀਂ ਪੇਸ਼ ਕੀਤੀ ਸਾਲਾਨਾ ਗੁਪਤ ਰਿਪੋਰਟ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਇਸ ਮਾਮਲੇ ਨੂੰ ਸਮਾਂਬੱਧ ਤਰੀਕੇ ਨਾਲ ਨੇਪਰੇ ਚਾੜ੍ਹਨ ਲਈ ਹੇਠ ਲਿਖੇ ਅਨੁਸਾਰ ਕਮੇਟੀ ਦਾ ਗਠਨ ਕੀਤਾ ਜਾਂਦਾ ਹੈ:-

| ਲੜੀ ਨੰ. | ਅਧਿਕਾਰੀ ਦਾ ਵੇਰਵਾ | ਆਹੁਦਾ |
|---|---|---|
| 1) | ਵਿਸ਼ੇਸ਼ ਸਕੱਤਰ (CK), ਸਕੂਲ ਸਿੱਖਿਆ | ਚੇਅਰਮੈਨ |
| 2) | ਡਾਇਰੈਕਟਰ, ਸਕੂਲ ਸਿੱਖਿਆ (ਸੈ), ਪੰਜਾਬ | ਮੈਂਬਰ ਸਕੱਤਰ |
| 3) | ਡਾਇਰੈਕਟਰ, ਐਸ.ਸੀ.ਈ.ਆਰ.ਟੀ | ਮੈਂਬਰ |
| 4) | ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ | ਮੈਂਬਰ |
| 5) | ਡਾਇਰੈਕਟਰ, ਸਕੂਲ ਸਿੱਖਿਆ (ਐ), ਪੰਜਾਬ | ਮੈਂਬਰ |
| 6) | ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਦਾ ਨੁਮਾਇੰਦਾ | ਮੈਂਬਰ |
| 7) | ਡਿਪਟੀ ਮੈਨੇਜਰ, ਐਮ.ਆਈ.ਐਸ., ਦਫਤਰ ਡੀ.ਜੀ.ਐਸ.ਈ | ਮੈਬਰ |

3) ਇਹ ਕਮੇਟੀ NIC ਨਾਲ ਤਾਲਮੇਲ ਕਰਦੇ ਹੋਏ ਅਧਿਆਰੀਆਂ/ਕਰਮਚਾਰੀਆਂ ਦੀ ਟ੍ਰੇਨਿੰਗ ਕਰਾਏਗੀ ਅਤੇ ਵੱਖ ਵੱਖ ਦਫਤਰਾਂ ਵਿੱਚ ਨੋਡਲ ਅਫਸਰ ਤੇ ACR custodian ਦੀ ਨਿਯੁਕਤੀ ਸਬੰਧੀ ਲੋੜੀਂਦੇ ਹੁਕਮ ਜਾਰੀ ਕਰੇਗੀ। ਇਹ ਕਮੇਟੀ ਵਿਭਾਗ ਦੇ ਟੀਚਿੰਗ ਅਤੇ ਨਾਨ ਟੀਚਿੰਗ ਕਾਡਰ ਦੇ ਅਧਿਕਾਰੀਆਂ/ਕਰਮਚਾਰੀਆਂ ਦੀਆਂ ਸਾਲ 2023-24 ਦੀ ਸਲਾਨਾ ਗੁਪਤ ਰਿਪੋਰਟਾਂ iHRMS ਰਾਹੀਂ ਲਿਖਣੀਆਂ ਯਕੀਨੀ ਬਣਾਏਗੀ।

4) ਇਹ ਹੁਕਮ ਮਾਨਯੋਗ ਸਿੱਖਿਆ ਮੰਤਰੀ ਜੀ ਦੇ ਆਦੇਸ਼ਾਂ ਅਨੁਸਾਰ ਜਾਰੀ ਕੀਤੇ ਜਾਂਦੇ ਹਨ।

ਮਿਤੀ,ਚੰਡੀਗੜ੍ਹ:
**20.11.2023**

**ਕਮਲ ਕਿਸ਼ੋਰ ਯਾਦਵ, ਆਈ.ਏ.ਐਸ**
**ਸਕੱਤਰ, ਸਕੂਲ ਸਿੱਖਿਆ**

**ਪਿ:ਅ:ਨੰ:** DPISE-ESTP0GENL/20/2023-PROMOTION-DPISE/730773

ਮਿਤੀ, ਚੰਡੀਗੜ੍ਹ: 23.11.2023

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:

1) ਨਿ.ਸ/ਸਿੱਖਿਆ ਮੰਤਰੀ, ਪੰਜਾਬ।
2) ਨਿ.ਸ./ ਸਕੱਤਰ, ਸਕੂਲ ਸਿੱਖਿਆ ।
3) ਸਮੂਹ ਵਿਸ਼ੇਸ਼ ਸਕੱਤਰ, ਸਕੂਲ ਸਿੱਖਿਆ ।
4) ਡੀ.ਜੀ.ਐਸ.ਈ, ਡੀ.ਪੀ.ਆਈ (ਸੈਸਿ/ਐਸਿ), ਡਾਇਰੈਕਟਰ ਐਸ.ਸੀ.ਈ.ਆਰ.ਟੀ, ਸਕੱਤਰ ਪੰਜਾਬ ਸਕੂਲ ਸਿੱਖਿਆ ਬੋਰਡ.
5) ਸੁਪਰਡੰਟ, ਸਿੱਖਿਆ 2,3,4,5 ਅਤੇ 7 ਸ਼ਾਖਾ।
6) ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ / ਐਸਿ) ਪੰਜਾਬ ਸਕੂਲ ਸਿੱਖਿਆ ਵਿਭਾਗ (ਵੈਬਸਾਈਟ ਰਾਹੀਂ)।

ਸੁਪਰਡੰਟ